ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

www.chandigarh.gov.in

ਪ੍ਰੈਸ ਨੋਟ

ਚੰਡੀਗੜ੍ਹ, 23 ਜੁਲਾਈ :- ਭਾਰਤ ਸਰਕਾਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਡਾਇਰੈਕਟਰ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜੁਲਾਈ ਮਹੀਨਾ 'ਐਂਟੀ ਡੇਂਗੂ ਮੈਂਥ' ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। 23 ਜੁਲਾਈ 2010 ਨੂੰ ਮੋਟਰ ਮਾਰਕਿਟ ਸੈਕਟਰ 48 ਵਿਚ ਇੱਕ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਮੁੱਖ ਮੰਤਵ ਮੋਟਰ ਮਾਰਕਿਟ ਦੇ ਮਾਲਕਾਂ, ਮਸ਼ੀਨਾਂ ਅਤੇ ਟਾਇਰ ਵਪਾਰੀਆਂ ਵਿਚ ਜਾਗਰੂਕਤਾ ਪੈਦਾ ਕਰਨਾ ਸੀ ਤਾਂ ਕਿ ਉਸ ਖੇਤਰ ਵਿਚ ਮੱਛਰਾਂ ਦੀ ਪੈਦਾਵਾਰ ਨੂੰ ਘੱਟ ਕੀਤਾ ਜਾ ਸਕੇ। ਕੈਂਪ ਵਿਚ ਮੈਡੀਕਲ ਅਫਸਰ ਆਈ/ਸੀ, ਹੋਮੋਪੈਥਿਕ ਡਿਸਪੈਂਸਰੀ ਸੈਕਟਰ 47, ਚੇਅਰਮੈਨ, ਪ੍ਰੈਜੀਡੈਂਟ, ਵਾਈਸ ਪ੍ਰੈਜ਼ੀਡੈਂਟ ਅਤੇ ਮੋਟਰ ਮਾਰਕਿਟ ਐਸੋਸੀਏਸ਼ਨ ਸੈਕਟਰ 47 ਦੇ ਕਰਮਚਾਰੀ ਸ਼ਾਮਿਲ ਹੋਏ।

ਕੈਂਪ ਦਾ ਉਦਘਾਟਨ ਚੰਡੀਗੜ੍ਹ ਮਲੇਰੀਆ-ਕਮ-ਸਟੇਟ ਸਰਵੀਲੈਂਸ ਅਫਸਰ- ਆਈਡੀਐਸਪੀ ਦੇ ਅਸਿਸਟੈਂਟ ਡਾਇਰੈਕਟਰ ਡਾ. ਜ਼ੀ.ਸੀ.ਬਾਂਸਲ ਨੇ ਕੀਤਾ। ਉਹਨਾਂ ਨੇ ਮੈਂਬਰਾਂ ਨੂੰ ਮੋਟਰ ਮਾਰਕਿਟ ਦੇ ਏਰੀਏ ਵਿਚ ਮੱਛਰਾਂ ਦੀ ਪੈਦਾਵਾਰ ਨੂੰ ਘੱਟ ਕਰਨ ਲਈ ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਕਿਹਾ। ਉਹਨਾਂ ਨੇ ਮਲੇਰੀਆ, ਡੇਂਗੂ ਅਤੇ ਚਿਕਨਗੁਣੀਆ ਤੋਂ ਬਚਾਅ ਲਈ ਸਰਕਾਰ ਨਾਲ ਭਾਗੀਦਾਰੀ ਬਣਾਉਣ ਲਈ ਕਿਹਾ।

ਡਾ. ਬਾਂਸਲ ਨੇ ਕਿਹਾ ਕਿ ਮਾਨਸੂਨ ਦੇ ਮੌਸਮ ਕੰਮ ਕਰਨ ਦੀ ਥਾਂ ਵਿਚ ਅਤੇ ਇਸ ਦੇ ਆਸ ਪਾਸ ਮੱਛਰਾਂ ਦੇ ਪੈਦਾ ਹੋਣ ਦੀ ਜਗ੍ਹਾ ਜਲਦੀ ਨਾਲ ਸਥਾਪਤ ਹੋ ਜਾਂਦੀ ਹੈ। ਉਹਨਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਮਾਨਸੂਨ ਦੇ ਮਹੀਨੇ ਵਿਚ ਟਾਇਰਾਂ, ਜੈਂਕ ਮਟੀਰੀਅਲ ਅਤੇ ਹੋਰ ਪਾਣੀ ਇਕੱਠਾ ਕਰਨ ਵਾਲੇ ਸਮਾਨ ਨੂੰ ਨਸ਼ਟ ਕਰ ਦਿੱਤਾ ਜਾਣਾ ਚਾਹੀਦਾ ਹੈ। ਉਹਨਾਂ ਨੇ ਮੋਟਰ ਮਾਰਕਿਟ ਦੇ ਮਾਲਕਾਂ ਨੂੰ ਸਲਾਹ ਦਿੱਤੀ ਕਿ ਉਹ ਦੁਕਾਨਾਂ ਦੀਆਂ ਛੱਤਾਂ ਤੇ ਵਾਧੂ ਸਮਾਨ ਨਾ ਸੁੱਟਣ।

ਜੇਕਰ ਕਿਸੇ ਨੂੰ ਬੁਖਾਰ ਦੀ ਸ਼ਿਕਾਇਤ ਹੁੰਦੀ ਹੈ ਤਾਂ ਉਹ ਆਪਣੇ ਨੇੜੇ ਦੀ ਡਿਸਪੈਂਸਰੀ ਜਾਂ ਹਸਪਤਾਲ ਵਿਚ ਆਪਣਾ ਖੂਨ ਟੈਸਟ ਕਰਵਾਉਣ ਅਤੇ ਬਿਨਾਂ ਕਿਸੇ ਲਾਗਤ ਦੇ ਇਲਾਜ਼ ਕਰਵਾ ਸਕਦੇ ਹਨ।

ਐਨਵੀਬੀਡੀਸੀਪੀ ਨੇ ਬਹੁਤ ਸਾਰੀਆਂ ਟੀਮਾਂ ਦਾ ਨਿਰਮਾਣ ਕੀਤਾ ਹੈ ਜਿਵੇਂ ਐਂਟੀ ਲਾਰਵਲ ਟੀਮ, ਐਂਟੀ ਐਡਲਟ ਟੀਮ, ਫੀਵਰ ਅਲਰਟ ਟੀਮ, ਮੋਸਕੀਟੋ ਜ਼ੀਨਿਕ ਸਿਚੁਏਸ਼ਨ ਟੀਮ, ਆਈਈਸੀ ਟੀਮ। ਇਹ ਟੀਮਾਂ ਵਿਸ਼ਾਲ ਪੱਧਰ ਤੇ ਆਪਣੀ ਪ੍ਰਕਿਰਿਆ ਕਰ ਰਹੀਆਂ ਹਨ ਜਿਸ ਵਿਚ ਅਵਿਕਸਿਤ ਵਿਰੋਧੀ ਉਪਾਅ, ਬੁਖਾਰ ਦੀ ਸਥਿਤੀ ਵਿਚ ਖੂਨ ਦੇ ਸੈਂਪਲ ਇਕੱਠੇ ਕਰਨੇ, ਸਲਾਈਡਾਂ ਚੈੱਕ ਕਰਨੀਆਂ ਅਤੇ ਯੋਗ ਇਲਾਜ਼ ਪ੍ਰਦਾਨ ਕਰਨਾ, ਵੈਕਟਰ ਕੰਟਰੋਲ ਉਪਾਅ, ਮੱਛਰਾਂ ਪੈਦਾਵਾਰ ਨੂੰ ਚੈੱਕ ਕਰਨਾ, ਕੂਲਰ ਚੈੱਕ ਕਰਨਾ ਅਤੇ ਚੂਕਕਰਤਾ ਨੂੰ ਨੋਟਿਸ ਜ਼ਾਰੀ ਕਰਨਾ ਸ਼ਾਮਿਲ ਹੈ।

ਡਾ. ਜ਼ੀ ਸੀ ਬਾਂਸਲ ਏਡੀਐਮ ਨੇ ਜਾਗਰੂਕਤਾ ਪੈਦਾ ਕਰਨ ਲਈ ਮਾਰਕਿਟ ਐਸੋਸੀਏਸ਼ਨ ਦੇ ਮੈਂਬਰਾਂ ਨਾਲ ਮਿਲ ਕੇ ਸੈਕਟਰ 48 ਦੀ ਮੋਟਰ ਮਾਰਕਿਟ ਵਿਚ ਫਲੈਗ ਮਾਰਚ ਕੀਤਾ।

ਕੈਂਪ ਦੇ ਅੰਤ ਵਿਚ 'ਫੀਵਰ ਅਲਰਟ' ਟੀਮ ਨੇ ਮੋਟਰ ਮਾਰਕਿਟ ਦੇ ਸਾਰੇ ਖੇਤਰ ਨੂੰ ਦੇਖਿਆ ਅਤੇ 268 ਖੂਨ ਦੀਆਂ ਸਲਾਈਡਾਂ ਇਕੱਠੀਆਂ ਕੀਤੀਆਂ ਅਤੇ ਕੈਂਪ ਦੇ ਦੌਰਾਨ ਮੌਕੇ ਤੇ ਹੀ ਚੈੱਕ ਕੀਤੀਆਂ ਗਈਆਂ।